ਵੀਰ ਬਖਸ਼ੀਸ਼ ਸਿੰਘ ਜੀਉ,

ਆਪਜੀ ਦੀ ਭੇਜੀ ' ਸਪੋਕਸਮੈਨ ਦੇ ਐਡੀਟਰ ਜੋਗਿੰਦਰ ਸਿੰਘ ਨੂੰ ਖੁੱਲੀ ਚਿੱਠੀ ' ਪੜਨ ਲਈ ਮਿਲੀ। ਜਿਸ ਵਿਚ ਦਰਸ਼ਨ ਸਿੰਘ ਦੀਆਂ ਲਿਖਤਾਂ ਨੂੰ ਸਾਡੇ ਲਈ ਪਹਿਲੋਂ ਹੀ ਸਿਖ ਸਰੂਪ ਵਿਚ ਅਗਧ ਪੜ ਰਹੇ ਸ਼ੈਤਾਨ ਜੁਗਿੰਦਰ ਸਹੁੰ ਵਲੋਂ ਨਾ ਛਾਪਣ ਕਰਕੇ, ਹੁਣ ਆਪਜੀ ਦਰਸ਼ਨ ਸਿੰਘ ਪ੍ਰੇਮੀਆਂ ਦਾ ਅਪਣੇ ਹੀ ਰਹੇ ਭਾਈ ਨਾਲ ਕੀਤਾ ਹਿਸਾਬ ਕਿਤਾਬ ਹੈ। ਜਦ ਕਿ ਸੱਤ ਜਨਵਰੀ 2010 ਤੱਕ ਇਸ ਗੁਰਸਿਖ ਕਾਫਲੇ ਵਲੋਂ ਸਿਖ ਸਰੂਪ ਵਿਚ ਹੁਣ ਪ੍ਰਗਟ ਹੋਈ ਬਿਪਰਣ ਦੀ ਜੁਰਾਇਮਪੇਸ਼ਾ ਔਲਾਦ ਸੰਯੁਕਤ ਕਾਲਕਾ ਪੰਥ ਵਾਰੇ, ਜਿਸ ਨੇ ਸੱਚ ਨੂੰ ਜਾਹਲੀ ਕਰਕੇ ਦਰਸ਼ਨ ਸਿੰਘ ਨੂੰ ਆਪਣੇ ਕਾਲਕਾ ਪੰਥ ਵਿਚੋਂ ਖਾਰਜ ਕੀਤਾ ਹੈ, ਵਾਰੇ ਅਤੇ ਇਸ ਸੰਯੁਕਤ ਕਾਲਕਾ ਪੰਥ ਦੀ ਇਕ ਟੁੱਟ ਡਿਗੀ ਬਾਂਹ ਤੋਂ ਪੂਰਾ ਅਗਧ ਪੜ੍ਹ ਰਿਹਾ ਸ਼ੈਤਾਨ ਕਾਲਕਾ ਪੰਥ ਹੋਇਆ ਅਦਾਰਾ ਸਪੋਕਸਮੈਨ ਮੁਖੀ ਜੁਗਿੰਦਰ ਸਹੁੰ ਵਾਰੇ ਰੱਖੇ ਹੋਏ ਸੰਗਤ ਅੱਗੇ ਵਿਚਾਰਾਂ ਵਿਚ ਕੋਈ ਦੁਬਧਾ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ ਹੋਈ ਹੈ। ਹੋ ਸਕਦਾ ਹੈ ਕਿ ਵੀਰ ਬਖਸ਼ੀਸ਼ ਸਿੰਘ ਜੀ ਆਪਜੀ ਨਾ ਜਾਣਦੇ ਹੋਵੋ। ਜਿਸ ਕਰਕੇ ਆਪਜੀ ਲਈ ਇਹ ਜਾਣਕਾਰੀ ਵਿਸ਼ੇਸ਼ ਤੌਰ ਤੇ ਇਸ ਆਖਰੀ ਵਾਰ ਕਲਮਬੰਦ ਕਰਕੇ ਭੇਜਣ ਲਈ ਜਰੂਰੀ ਵਕਤ ਵਿਚੋਂ ਵਕਤ ਕੱਢਿਆ ਹੈ।

ਵੀਰ ਜੀ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਤੋਂ ਦੋ ਹੱਥਾਂ ਦੀਆਂ ਉਂਗਲਾਂ ਤੇ ਗਿਣੇ ਜਾਣ ਵਾਲੇ ਗੁਰਸਿਖਾਂ ਵਲੋਂ ਸੰਯੁਕਤ ਕਾਲਕਾ ਪੰਥ, ਜਿਸਨੂੰ ਇਹ ਗੁਰਸਿਖ ਕਾਫਲਾ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ ਹੋਣਾਂ ਐਲਾਨਦਾ ਹੈ, ਜਿਸ ਨੂੰ ਗੁਰਬਾਣੀਂ ਜਮ ਪੰਥ ਮਾਰਗ-ਗਰਭ ਜੋਨੀ ਨਰਕ ਤੋਰਦੀ, ਸੰਤ ਵੈਰਨ, ਸਿਖ ਵੈਰਨ, ਖਾਲਸਾ ਪੰਥ ਵੈਰਨ, ਸੱਚ ਵੈਰਨ-ਬਾਂਦਰ ਬ੍ਰਾਹਮਣ ਤ੍ਰਿਕੁਟੀ ਐਲਾਨਦਾ ਹੈ, ਤੋਂ ਆਪਣੇ ਆਪਨੂੰ 'ਗੁਰਸਿਖ ਕਾਫਲਾ ' ਨਾਮ ਸੰਗਠਨ ਹੇਠ ਨਖੇੜ ਲੈਣ ਦਾ ਐਲਾਨ ਕੀਤਾ ਹੋਇਆ ਹੈ। ਐਲਾਨਨਾਵਾਂ ਸਰਲੇਖ ਦਸਤਾਵੇਜ਼: **'ਤੁਸਾਂ ਵੱਲੋਂ ਧਰੇ ਨੀਂਹ ਪੱਥਰ ਤੇ ਖਾਲਸੇ ਦੇ ਦੇਸ਼ ਦੀ ਉਸਾਰੀ, ਸਾਡੇ ਲਈ ਸਾਡੇ ਗੁਰੂ-ਕਰਤੇ ਦਾ ਹੁਕਮ ਫੁਰਮਾਨ'** ਆਪਜੀ ਲਈ ਨਾਲ ਕਰ ਦਿੱਤਾ ਗਿਆ ਹੈ।

ਇਹ ਹੈ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਤੋਂ ਹੋਂਦ ਵਿਚ ਆਏ ਇਸ ਗੁਰਸਿਖ ਕਾਫਲੇ ਦੀ ਆਪਣੇ ਪੂਰੇ ਗੁਰੂ ਪੂਰੀ ਗੁਰਬਾਣੀ ਅਨੁਸਾਰ ਬਣਦੀ ਸਿਖ ਦੀ ਇਹ ਪ੍ਰੀਭਾਸ਼ਾ ਅਤੇ ਮਰਯਾਦਾ ਹੈ ਜਿਸ ਅਨੁਸਾਰ ਇਹ ਗਰੁਸਿਖ ਕਾਫਲਾ ਅਮਲੀਂ ਜੀਵਨ ਜੀਉਣ ਤਕਰੀਬਨ ਅੱਠ ਮਹੀਨੇ ਪਹਿਲੋਂ ਉਠ ਤੁਰਿਆ ਹੈ। ਉਦੋਂ ਤੋਂ ਜਦੋਂ ਭਾਈ ਦਰਸ਼ਨ ਸਿੰਘ ਅਜੇ ਸੰਯੁਕਤ ਕਾਲਕਾ ਪੰਥ ਵਿਚ ਸਨ।

"ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਗੁਰਬਾਣੀ ਵਿਚ ਦਰਜ ਸਮੂਹ ਕਰਨ ਅਤੇ ਤਿਆਗਣ ਗੁਰੂ ਹੁਕਮਾਂ ਨੂੰ ਸੱਭ ਸਿਖਾਂ ਨੇ ਮੰਨਣਾਂ ਹੀ ਸਿਖ ਦੀ ਪ੍ਰੀਭਾਸ਼ਾ, ਪਹਿਚਾਣ ਅਤੇ ਰਹਿਤ ਮਰਯਾਦਾ ਹੈ। "
"ਜਿਵੇਂ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਵਿਚੋਂ ਦੋ, ਇਕ ਕੇਸਾਧਾਰੀ ਦਸਤਾਰਧਰਾ ਅਤੇ ਦੂਜਾ ਅੰਮ੍ਰਿਤ ਦਾਤ ਦਾ ਭਾਗੀ ਹੋਏ ਬਿਨਾਂ ਕੋਈ ਗੁਰੂ ਦਾ ਸਿਖ ਨਹੀਂ ਹੋ ਸਕਦਾ ਇਵੇਂ ਹੀ ਇਹ ਦੋ ਹੁੰਦਿਆਂ, ਬਾਕੀ ਗੁਰੂ ਹੁਕਮਾਂ ਵਿਚੋਂ, ਜਾਣੇ ਇਕ ਨੂੰ ਵੀ ਠੁਕਰਾਣ ਵਾਲਾ ਕੋਈ, ਗੁਰੂ ਦਾ ਸਿਖ ਰਹਿ ਨਹੀਂ ਸਕਦਾ। "
"ਗੁਰੂ ਗੁਰਬਾਣੀ ਦੇ ਸਮੂਹ ਹੁਕਮਾਂ ਨੂੰ ਮੰਨ ਕੇ ਚਲਣਾਂ ਜਿਨਾਂ ਲਈ ਅੱਜ ਸਿਖ ਦੀ ਪ੍ਰੀਭਾਸ਼ਾ ਅਤੇ ਮਰਯਾਦਾ ਹੈ ਉਨਾਂ ਦਾ ਅੱਜ ਮੁੱਖ ਕਰਮ ਨਿਸ਼ਾਨ (ਸਤਿਗੁਰ ਸੇਵਾ) ਆਪਣੇ ਪਵਿਤ੍ਰ ਸਰਬ ਉਤਮ ਗੁਰਧਾਮਾਂ ਦੀ ਸਿਖ ਸਰੂਪ ਵਿਚ ਬਿਪਰਨ ਔਲਾਦ ਤੋਂ ਅਤੇ ਇਨਾਂ ਦੇ ਬਾਪ ਦਾਦੇ ਬਿਪਰਨ ਦਿੱਲੀ ਤਖਤ ਤੋਂ ਖਾਲਸਾ ਪੰਥ ਨੂੰ ਆਜਾਦ ਕਰਵਾਕੇ ਅਮਲੀ ਰੂਪ ਵਿਚ ਆਪਣੇ ਆਪਨੂੰ, ਆਪਣੇ ਪੰਥ ਨੂੰ ਸਿੱਧਾ, ਆਪਣੇ ਇਕੋ ਇਕ ਸਿਰਜਣਹਾਰ ਅਕਾਲ ਪੁਰਖ ਦੇ ਹੀ ਅਧੀਨ ਕਰ ਲੈਣ ਲਈ ਅਡੋਲ ਨਿੱਤਰੇ ਹੋਣਾਂ ਹੈ।"

ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਇਸ ਐਲਾਨਨਾਵਾਂ ਦਸਤਾਵੇਜ਼ ਵਿਚ ਸੰਗਤ ਨੂੰ ਇਹ ਵੀ ਜਾਣੂੰ ਕਰਵਾ ਦਿੱਤਾ ਗਿਆ ਸੀ ਕਿ ਸ੍ਰੀ ਆਕਾਲ ਤਖਤ ਸਾਹਿਬ ਜੀ ਦਾ ਜਥੇਦਾਰ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਇਥੋਂ ਜਾਰੀ ਹੋ ਚੁੱਕਾ ਜੂਨ

ਚੋਰਾਸੀ ਤੋਂ ਖਾਲਸਾ ਪੰਥ ਦੀ ਉਸਾਰੀ ਦਾ ਅਦਿਸ ਪਰ ਸੁਣਾਈ ਦੇ ਰਿਹਾ ਹੁਕਮਨਾਮਾਂ ਹੈ। ਭੋਤਕ ਸਰੀਰ ਵਿਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿਰਫ ਤੇ ਸਿਰਫ ਉਹ ਹੀ ਸਿਖ ਸੂਰੇ ਹੋ ਸਕਦੇ ਨੇ ਜਿਨਾਂ ਨੇ ਉਪਰ ਗੁਰਬਾਣੀ ਅਨੁਸਾਰ ਸਿਖ ਦੀ ਸੱਚੀ ਪ੍ਰੀਭਾਸ਼ਾ ਅਤੇ ਮਰਯਾਦਾ ਅਨੁਸਾਰ ਅਮਲੀ ਜੀਵਨ ਜੀਉਣ ਦੀ ਗੁਰੂ ਅੱਗੇ ਅਰਦਾਸ ਕਰ ਦਿੱਤੀ ਹੈ ਅਤੇ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਉਸਾਰੀ ਦੇ ਹੁਕਮਨਾਮੇ ਨੂੰ ਸਿਰ ਮੱਥੇ ਮੰਨ, ਆਪਣੇ ਲਈ ਅੱਜ ਇਸ ਦੀ ਪੂਰਤੀ, ਆਪਣਾਂ ਕਰਮ ਨਿਸ਼ਾਨ -ਗੁਰ ਕੀ ਸੇਵਾ ਐਲਾਨ ਕਰ, ਸਿਖ ਸੰਘਰਸ਼ ਦੀ ਵਾਗਡੋਰ ਸੰਗਤਾਂ ਦੇ ਇਸ ਗੁਰਸਿਖ ਕਾਫਲੇ ਨਾਲ ਮਿਲਕੇ ਸੰਭਾਲਣ ਲਈ ਸੰਸਾਰ ਮੰਚ ਉਤੇ ਨਿਤਾਰ ਲਿਆ ਹੈ।

ਬਖਸ਼ੀਸ਼ ਸਿੰਘ ਜੀ ਤੁਸਾਂ ਮੁਤਾਬਕ ਪ੍ਰੋ. ਦਰਸ਼ਨ ਸਿੰਘ ਇਹ ਹੈ: **ਪ੍ਰੋ. ਦਰਸ਼ਨ ਸਿੰਘ ਜਿਨ੍ਹਾਂ ਨੇ ੧੯੮੪ ਅਤੇ ਉਸਤੋਂ ਬਾਅਦ ਦੇ ਭਿਅੰਕਰ ਸਮੇਂ ਵਿੱਚ ਵੀ ਸੱਚ ਦਾ ਸਾਥ ਨਾ ਛਡਿਆ, ਆਪਣੇ ਪਰਿਵਾਰ ਦਾ ਫ਼ਿਕਰ ਕਰੇ ਬਗੈਰ ਪੰਥਕ ਨਿਸ਼ਾਨਾ ਅਗੇ ਰੱਖਿਆ,---** ਜਦ ਕਿ ਇਸ ਗੁਰਸਿਖ ਕਾਫਲੇ ਲਈ ਇਹ ਬਿਨਾਂ ਗੁਰੂ ਅਧਿਕਾਰ ਹੀ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਜਥੇਦਾਰ ਬਿਰਾਜਮਾਨ ਹੋ ਗਿਆ ਸੀ। ਪੰਥਕ ਅਟੱਲ ਨਿਸ਼ਾਨਾਂ ਤਾਂ ਜੂਨ ਚੌਰਾਸੀ ਦੇ ਸ਼ਹੀਦ, ਖਾਲਸੇ ਦੇ ਦੇਸ਼ ਦੀ ਆਜਾਦੀ, ਆਪਣੀਆਂ ਸ਼ਹਾਦਤਾਂ, ਸ਼ਹੀਦੀਆਂ ਨਾਲ, ਆਪਣੇ ਖਾਲਸਾ ਪੰਥ ਲਈ ਨੀਅਤ ਕਰ ਗਏ ਹਨ। ਇਸ ਸੱਚ ਦਾ ਸਾਥ ਛੱਡਕੇ, ਇਸ ਸੱਚੇ ਪੰਥ ਨਿਸ਼ਾਨੇ ਦਾ ਸਾਥ ਛੱਡਕੇ, ਤੁਸਾਂ ਨੇ ਅਤੇ ਤੁਸਾਂ ਦੇ ਪ੍ਰੋ. ਦਰਸ਼ਨ ਸਿੰਘ ਨੇ ਤਾਂ ਕੋਈ ਹੋਰ ਨਕਲੀ ਸੱਚ ਅਤੇ ਨਕਲੀ ਪੰਥਕ ਨਿਸ਼ਾਨਾਂ ਅੱਗੇ ਰੱਖਿਆ ਹੋ ਸਕਦਾ। ਜੋ ਸੱਚਾ ਅਤੇ ਸਹੀ ਕਿਸੇ ਨਕਲੀ ਸਿਖ ਲਈ ਤਾਂ ਹੋ ਸਕਦਾ ਹੈ। ਪਰ ਇਸ ਗੁਰਸਿਖ ਕਾਫਲੇ ਲਈ ਨਹੀਂ।

ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੋ ਚੁੱਕਾ ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਸੱਚ, ਦਰਸ਼ਨ ਸਿਖ ਲਈ ਕਦੇ ਸੱਚ ਨਾ ਹੋਇਆ ਅਤੇ ਨਾ ਹੀ ਇਹ ਸੱਚਾ ਨਿਸ਼ਾਨਾਂ ਹੀ ਇਸ ਦਾ ਅਜੰਡਾ, ਕਦੇ ਇਸ ਦੀ ਜੁਬਾਨ ਬਣਿਆਂ ਹੈ। ਜੂਨ ਚੌਰਾਸੀ ਦੀ 25ਵੀਂ ਬਰਸੀ ਦਿਨ ਸੰਯੁਕਤ ਕਾਲਕਾ ਪੰਥ, ਜਿਸ ਵਿਚ ਹੀ ਦਰਸ਼ਨ ਸਿੰਘ ਸੀ ਅਤੇ ਇਸ ਕਾਲਕਾ ਪੰਥ ਦੀ ਇਕ ਟੁੱਟ ਡਿਗੀ ਬਾਂਹ ਅਗਧ ਪੜ੍ਹ ਰਹੇ ਸ਼ੈਤਾਨ ਸਪੋਕਸਮੈਨ ਦੇ ਐਡੀਟਰ ਜੁਗਿੰਦਰ ਸਹੁੰ ਤੋਂ ਅਤੇ ਇਨਾਂ ਮਗਰ ਬਾਕੀ ਜਮ ਜੂਨਾਂ ਦੇ ਨਰਕ ਮਾਰਗ ਤੁਰਿਆਂ ਤੋਂ ਇਸ ਗੁਰਸਿਖ ਕਾਫਲੇ ਵਲੋਂ, ਆਪਣੀ ਇਕ ਪਵਿਤ੍ਰ ਕਹਿਣੀਂ ਅਤੇ ਕਰਨੀਂ ਦੀ ਵਾੜ ਦੁਆਰਾ ਆਪਣੀਂ ਬੂੰਦ ਅਤੇ ਕੁਖ ਨੂੰ ਗੁਰੂ ਆਸਰੇ, ਗੁਰੂ ਹੁਕਮ ਅਤੇ ਰਜਾ ਉਤੇ ਨਖੇੜ ਲਿਆ ਸੀ।

ਇਸ ਐਲਾਨਨਾਮੇ ਦਸਤਾਵੇਜ਼ ਵਿਚ ਜੋ ਸਿਖ ਸਰੂਪ ਵਿਚ ਬਿਪਰਨ ਔਲਾਦ ਸੰਯੁਕਤ ਕਾਲਕਾ ਪੰਥ ਗਿਣਿਆਂ ਗਿਆ ਹੈ: ਪੰਥ ਵਿਚੋਂ ਖਾਰਜ ਦੀ ਧਮਕੀ ਅਤੇ ਸੱਚ ਕਰਨ ਲਈ ਰਾਜਸੀ ਹੱਥਾਂ ਦੀਆਂ ਕਠਪੁਤਲੀਆਂ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ, ਬਿਪਰਨ ਤਖਤ ਦੀ ਪੁਜਾਰੀ, ਆਪਣੇ ਗੁਲਾਮਾਂ ਉਤੇ ਹੁਕਮ ਜਾਰੀ ਕਰਦੀ ਪੁਜਾਰੀ ਜੁੰਡਲੀ, ਇਸ ਦੀ ਚਾਲਕ ਸ਼ਰੋਮਣੀ ਕਮੇਟੀ, ਇਸ ਦੇ ਬਾਦਲਕੇ, ਜੋ ਜੂਨ ਚੌਰਾਸੀ ਦੇ ਸ਼ਹੀਦ ਸਿਖ ਸੂਰੇ ਸੰਤ ਭਗਤ ਅਤੇ ਸਾਥੀ ਸ਼ਹੀਦਾਂ ਦੁਆਰਾ ਜਾਰੀ ਹੁਕਮਨਾਮੇ ਨੂੰ ਸਾਕਤ ਹੋ ਉਲੱਦ, ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਧਾਵਾ ਬੋਲਣ ਲਈ ਬਰਾਬਰ ਭਾਈਵਾਲ ਭਾਜਪਾ ਅਤੇ ਉਸ ਦੀਆਂ ਸਾਥੀ ਫਿਰਕੂ ਅੱਤਵਾਦੀ, ਦਹਿਸ਼ਤਵਾਦੀ ਜਾਲਮ ਜਥੇਬੰਦੀਆਂ ਦੀ ਗੋਦ ਵਿਚ ਗੁਲਾਮੀ ਦਾ ਨਿਘ ਮਾਣ ਰਹੇ ਨੇ ਅਤੇ ਇਸ ਮਗਰ ਤੁਰਿਓ, ਜਾਣੇ ਅਣਜਾਣੇਂ+ ਜੁਗਿੰਦਰ ਸਹੁੰ ਸਪੋਕਸਮੈਨ, ਇਸ ਦੇ ਬੱਚੇ **ਏਕਸ ਕੇ ਬਾਰਕ** ਜਥੇਬੰਦੀ ਅਤੇ ਇਸ ਨਾਲ ਆਪਣਾਂ ਅੱਡਰਾ ਉਚਾ ਦਰ ਬਾਬੇ ਨਾਨਕ ਦਾ ਉਸਾਰਨ ਤੁਰਿਆਂ ਅਤੇ ਇਨਾਂ ਮਗਰ ਤੁਰਿਓ, ਜੋ ਜੂਨ ਚੌਰਾਸੀ ਦੇ ਸ਼ਹੀਦ ਸਿਖ ਸੂਰੇ ਸੰਤ ਭਗਤ ਅਤੇ ਸਾਥੀ ਸ਼ਹੀਦਾਂ ਦੁਆਰਾ ਜਾਰੀ ਹੁਕਮਨਾਮੇ ਨੂੰ ਸਾਕਤ ਹੋ ਉਲੱਦ, ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਧਾਵਾ ਬੋਲਣ ਵਾਲੀ ਸੰਤ ਵੈਰਣ ਦਿੱਲੀ ਤਖਤ ਘਰਾਣੇ ਦੀ ਕਾਂਗਰਸ ਪਾਰਟੀ ਦੀ ਗੋਦ ਵਿਚ ਗੁਲਾਮੀ ਦਾ ਨਿਘ ਮਾਣ ਰਹੇ ਨੇ + ਦਰਸ਼ਨ ਸਿੰਘ, ਇਸਦੇ ਸਰਨੇ ਭਾਈ ਅਤੇ ਹੋਰ ਪੰਜਾਬੋਂ ਬਾਹਰੇ ਸ਼ਕਲੋਂ ਸਿਖ, ਜੋ ਕੋਈ ਭਾਜਪਾ ਅਤੇ ਕੋਈ ਕਾਂਗਰਸ ਦੀ ਗੋਦ ਵਿਚ ਬਿਪਰਨ ਤਖਤ ਦੀ ਗੁਲਾਮੀ ਦਾ ਨਿਘ ਮਾਨ ਰਿਹਾ ਹੈ। ਜਿਨਾਂ ਵਿਚੋਂ ਕਿਸੇ ਵਿਰਲੇ ਨੂੰ ਛੱਡ, ਸੱਭ ਨੇ ਆਪਣੇ ਆਪਨੂੰ ਆਪਣੀ ਰਾਖੀ ਲਈ ਦਿੱਲੀ ਤਖਤ ਨੂੰ ਹੀ ਆਪਣੇ ਨੇੜੇ ਸਮਝਿਆ ਹੈ। ਜਿਨਾਂ ਦੀ ਪਹਿਲੀ ਵਫਾ, ਆਪਣੇਂ ਹਰਿਮੰਦਰ ਦੀ ਥਾਂ, ਦਿੱਲੀ ਤਖਤ ਨਾਲ ਹੀ ਰਹੀ ਹੈ। ਜਮ ਚੜ੍

ਆਇਆ ਵੇਖਕੇ ਵੀ ਇਕ ਵਾਰ ਸੂਰੇ ਦਾ ਮਰਨਾਂ ਸੁਖਾਉਂਦਾ ਅਤੇ ਬਾਕੀ ਸੱਭ ਮਰਨੇ ਮੁਕਾਉਂਦਾ, ਆਪਣਾਂ ਅਸਲ ਦਰ ਨਾ ਯਾਦ ਆਇਆ। ਸਗੋਂ ਸੰਤ ਵੈਰਨ, ਸਿਖ ਧਰਮ ਵੈਰਨ, ਪੰਥ ਵੈਰਨ ਅਤੇ ਧ੍ਰੋਹੀ ਦਿੱਲੀ ਤਖਤ ਦੇ ਹੁਕਮ ਰਜਾ **ਗੁਲਾਮੀ** ਵਿਚ ਦਿਨ ਕਟੀ ਹੀ ਸੰਸਾਰ ਉਤੇ ਗੁਰੂ ਦੀ ਸਿਖੀ ਐਲਾਨੀ ਹੋਈ ਹੈ।

ਵੀਰ ਬਖਸ਼ੀਸ਼ ਸਿੰਘ ਜੀ ਇਹ ਗੁਰਸਿਖ ਕਾਫਲਾ ਤਾਂ ਪੂਰੀ ਹੀ ਸਿਖ ਸਰੂਪ ਵਿਚ ਸੰਤ ਨਿੰਦਕ ਬਿਪਰਨ ਔਲਾਦ ਨੂੰ ਨੌ ਮਹੀਨੇ ਪਹਿਲੋਂ ਹੀ ਅਲਵਿਦਾ ਕਹਿ ਚੁੱਕਾ ਹੈ ਅਤੇ ਇਸ ਦੇ ਪਰਛਾਵਿਆਂ ਤੱਕ ਤੋਂ ਵੀ ਆਪਣੇ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ, ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਅਤੇ ਸ਼ਰੋਮਣੀ ਕਮੇਟੀ ਨੂੰ ਹੁਣ ਆਜਾਦ ਕਰਵਾਕੇ ਹੀ ਪਲ ਭਰ ਦਮ ਲੈਣ ਦਾ ਤਕਰੀਬਨ 9 ਮਹੀਨੇ ਪਹਿਲੋਂ ਹੀ ਐਲਾਨ ਕਰ ਚੁੱਕਾ ਹੈ। ਇਹ ਗੁਰਸਿਖ ਕਾਫਲਾ ਨਾ ਇਸ਼ਤਿਆਰਾਂ ਦੀ ਮਾਇਆ ਦੁਆਰਾ ਸਪੋਕਸਮੈਨ ਨੂੰ ਨਿਹਾਲ ਕਰਨ ਵਾਲੇ ਪ੍ਰੋ ਦਰਸ਼ਨ ਸਿੰਘ ਦਾ ਸਾਥੀ ਹੈ, ਨਾ ਇਸ ਮਗਰ ਲੱਗਿਆਂ ਵਿਚੋਂ ਹੈ। ਨਾ ਮਾਇਆ ਨਾਲ ਨਿਹਾਲ ਹੋਣ ਵਾਲੇ ਸਪੋਕਸਮੈਨ ਅਤੇ ਇਸ ਮਗਰ ਲੱਗੇ ਜਮ ਨਰਕ ਭਾਗੀਆਂ ਨਾਲ ਸਬੰਧੀਆਂ ਵਿਚੋਂ ਹੀ ਹੈ। ਹਾਂ ਲੱਖ ਦੱਬੀ ਜਾਣ ਗੁਰੂ ਗਿਆਨ ਬਖਸ਼ਿਸ਼ ਸੱਚ ਨੂੰ ਇਹ ਸੱਭੇ ਸਾਕਤ, ਇਹ ਪਹਿਲੋਂ ਵਾਂਗ ਹੀ ਜਦ ਹੁਕਮ ਗੁਰੂ ਤਾਂ ਅੱਖਰ ਬਗਾਵਤ ਵਿਰੋਧ ਬਣੇ ਇਨਾਂ ਅੱਗੇ ਅਡੋਲ ਖੜਦੇ ਹੀ ਰਹਿਣੇ ਹਨ।

ਜਿਵੇਂ ਅੱਜ ਆਪਜੀ ਨੂੰ ਪ੍ਰੋ ਦਰਸ਼ਨ ਸਿੰਘ ਉਤਮ ਸਿਖ, ਸੇਵਾਦਾਰ ਜਾਪ ਰਿਹਾ ਹੈ ਇਵੇਂ ਹੀ ਪੰਜ ਸਾਲ ਤੋਂ ਉਪਰੋਂ ਸਿਖ ਸਰੂਪ ਵਿਚ ਜੇ ਕੋਈ ਸਾਨੂੰ ਸੱਚਾ ਉਤਮ ਸਿਖ, ਸੇਵਾਦਾਰ ਹੋ ਨਿੱਤਰ, ਆਪਣੇ ਲਾਲੋਕਿਆਂ ਵਲ ਆ ਸਕਦਾ ਨਜ਼ਰ ਆਇਆ ਸੀ ਤਾਂ ਇਹ ਹੀ ਭਾਈ ਦਰਸ਼ਨ ਸਿੰਘ ਹੀ ਨਜ਼ਰ ਆਇਆ ਸੀ। ਇਹ ਸਾਰਾ ਵਿਸਥਾਰ ਸਰਲੇਖ ਦਸਤਾਵੇਜ਼ **'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ? '** ਵਿਚ ਦਰਜ ਪੜ ਹੀ ਸਕਦੇ ਹੋ। ਜੋ ਪੂਰਾ ਨਾਲ ਕਰ ਦਿੱਤਾ ਗਿਆ ਹੈ। ਇਸ ਦਸਤਾਵੇਜ਼ ਵਿਚ ਇਹ ਸੱਚ ਦਰਜ ਹੈ ਕਿ ਜਰਮਨੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਿੰਨ ਸੌ ਸਾਲਾ ਗੁਰਗੱਦੀ ਦਿਵਸ ਮਨਾਉਣ ਆਏ ਤਿੰਨ ਮੁਖ ਮਹਿਮਾਨਾਂ ਵਿਚੋਂ ਇਕ ਪ੍ਰੋ ਭਾਈ ਦਰਸ਼ਨ ਸਿੰਘ ਜੀ ਸਨ। ਜੋ ਗੁਰੂ ਦੀ ਤਾਬਿਆ ਬੈਠੇ ਸਾਹਮਣੀ ਦੀਵਾਰ ਉਤੇ ਲੱਗੀਆਂ ਤਸਵੀਰਾਂ ਵੇਖਦੇ ਹਨ। ਪਰ ਇਸ ਗੁਰੂ ਅਪਮਾਨ, ਸਿਖ ਧਰਮ, ਸਿਖ ਕਿਰਦਾਰ ਅਪਮਾਨ ਅਤੇ ਸ਼ਹੀਦਾਂ ਦੇ ਅਪਮਾਨ ਦੀ ਆਪਣੇ ਗੁਰਦੁਆਰੇ ਚਾਲੂ ਬਿਪਰਤ ਰੀਤ ਵੇਖਕੇ ਵੀ ਖਾਮੋਸ਼ ਰਹੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਹੋ ਸਕਦੀਆਂ, ਖਾਮੋਸ਼ੀ ਨਾਲ ਮਾਣਤਾ ਦੇਕੇ ਜਰਮਨੀ ਤੋਂ ਵਿਦਾਅ ਹੋ ਆਏ। ਇਸ ਵਕਤ ਇਨਾਂ ਨੂੰ ਹੋਰ ਤੋਂ ਸਿਵਾ ਇਕ 52 ਸਫੇ ਦਾ **'ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ –ਗੁਰੂ ਆਸਰੇ ਇਕ ਆਸ ਉਮੀਦ ਅਤੇ ਗੁਰਸਿਖ ਖਾਲਸਾ ਪੰਥ ਦੀ ਜ਼ਿਮੇਵਾਰੀ'**, ਸਰਲੇਖ ਦਸਤਾਵੇਜ਼ ਵੀ ਦਿੱਤਾ ਗਿਆ ਸੀ। ਜਿਸ ਵਿਚ ਗੁਰਬਾਣੀ ਅਨੁਸਾਰ ਬਣਦੀ ਸਿਖ ਦੀ ਪ੍ਰੀਭਾਸ਼ਾ ਦਰਜ ਸੀ। ਜੋ ਅਗਾਂਹ ਬਿਪਰਨ ਦੀ ਅਦਾਲਤ ਅੱਗੇ ਰੱਖ ਹੋਣ ਦਾ ਸਬੱਬ ਬਣਿਆਂ ਸੀ, ਵੀ ਆਪਜੀ ਦੀ ਜਾਣਕਾਰੀ ਲਈ ਨਾਲ ਕਰ ਦਿੱਤਾ ਗਿਆ ਹੈ। ਸਾਡੇ ਵਲੋਂ ਅੱਖਰੀਂ ਗੁਰਮਤਿ ਵਿਚਾਰ ਲੈਕੇ ਪੰਜ ਸਾਲਾਂ ਤੋਂ ਦਰਸ਼ਨ ਸਿੰਘ ਅੱਗੇ ਰੱਖਦੇ ਰਹਿਣ ਦਾ ਇਕ ਤਰਫਾ ਰਾਬਤਾ 7 ਜਨਵਰੀ 2010 ਤੱਕ, ਇਸ ਨਾਲ ਕਾਇਮ ਰਿਹਾ।

ਇਸ ਤੋਂ ਪਹਿਲਾਂ ਦਾ ਸਾਡਾ ਵਿਚਾਰ ਵਿਸਥਾਰ, ਸਿਖ ਸਰੂਪ ਵਿਚ ਬਿਪਰਨ ਔਲਾਦ ਸੰਯੁਕਤ ਕਾਲਕਾ ਪੰਥ ਵਾਰੇ ਅਤੇ ਇਸ ਦੇ ਦੂਜੇ ਰੂਪ ਜੁਗਿੰਦਰ ਸਹੁੰ ਵਾਰੇ, ਇਕ ਜੀ ਅਇਆਂ ਖਤ ਵਿਚ ਪੜ੍ਹ ਹੀ ਸਕਦੇ ਹੋ। ਜੋ ਨਾਲ ਕਰ ਦਿੱਤਾ ਗਿਆ ਹੈ। ਜਿਸ ਦਾ ਸਰਲੇਖ: **'ਸਿਖ ਸਰੂਪ ਵਿਚ ਅਗਧ ਪੜ੍ਹ ਰਹੇ ਸ਼ੈਤਾਨ, ਸਿਖਰ ਪੰਥ ਦੋਖੀ ਜੁਗਿੰਦਰ ਸੁੰਹ ਰੋਜਾਨਾਂ ਸਪੋਕਸਮੈਨ ਦੇ ਮੱਕੜੀ ਜਾਲ ਵਿਚੋਂ ਆਜਾਦ ਹੋ ਕੇ ਇਕ ਗੁਰਸਿਖ ਭੈਣ ਅਤੇ ਵੀਰ ਦੀ ਘਰ ਵਾਪਸੀ ਤੇ'** ਹੈ।
ਹੁਣ 7 ਜਨਵਰੀ 2010 ਲਈ ਇਕ ਸੁਝਾ ਖਤ, ਦਰਸ਼ਨ ਸਿੰਘ ਦੀ ਗੁਰੂ ਦੇ ਨਾਮ ਅਕੈਡਮੀ ਦੇ ਅਤੇ ਸਿਖ ਪਾਰਲਮੈਂਟ ਦੇ ਏਮੇਲ ਸਰਨਾਵਿਆਂ ਉਤੇ ਭੇਜਣ ਮਗਰੋਂ ਵੀ ਦੋਬਾਰਾ ਸੰਪਰਕ ਕਰਕੇ, ਉਥੇ ਪਹੁੰਚਦਾ ਕੀਤਾ ਗਿਆ ਜਿਥੇ ਭਾਈ ਦਰਸ਼ਨ ਸਿੰਘ ਜੀ ਬੈਠੇ ਸਨ। ਭੇਜਣ ਮਗਰੋਂ ਪਤਾ ਕਰਨ ਤੇ ਇਹ ਸੇਨੇਹਾ ਲੈ ਲਿਆ ਗਿਆ ਕਿ ਹਾਂ ਜੀ ਪੜ ਸਕਦੇ ਹਾਂ। ਜਿਸ ਦਾ ਸਰਲੇਖ ਇਹ ਹੈ: **'ਪ੍ਰੋ ਦਰਸ਼ਨ ਸਿੰਘ ਖਾਲਸਾ ਜੀ ਨੂੰ 7 ਜਨਵਰੀ ਲਈ ਸਾਡਾ ਸੁਝਾਅ ਪੱਤਰ - ਤੁਛ ਗੁਰਸਿਖ ਕਾਫਲਾ ਅਤੇ ਜਾਨਬਾਜ ਫੋਰਸ'**

ਗੁਰਮਤਿ ਵਿਚਾਰ ਲਈ ਇਕ ਤਰਫਾ ਆਈ ਜਾਣਾਂ, ਅੰਤ ਭਾਈ ਦਰਸ਼ਨ ਸਿੰਘ ਘਰ ਇਹ ਗੇਦ ਕਰਕੇ, ਗੁਰੂ ਕਰਤੇ ਵਲੋਂ ਗੁਰਸਿਖ ਕਾਫਲੇ ਲਈ ਖਤਮ ਕਰ ਦਿੱਤਾ ਗਿਆ। ਇਹ ਸੁਝਾ ਲਿਖਤ ਨਾਲ ਕਰ ਦਿੱਤੀ ਗਈ ਹੈ। ਹੋਰ ਲਿਖਤਾਂ ਵਾਂਗ ਇਹ ਲਿਖਤ ਵੀ ਮੇਡੀਆ ਪੰਜਾਬ ਅਤੇ ਗੁਰਸਿਖ ਕਾਫਲੇ ਦੀ ਵੈਬ ਉਤੇ ਸੰਗਤ ਦੀ ਜਾਣਕਾਰੀ ਲਈ ਔਨਲਾਇਨ ਹਨ। ਇਸ ਸੁਝਾ ਖਤ ਵਿਚੋਂ ਆਪਜੀ ਦੀ ਜਾਣਕਾਰੀ ਲਈ ਕੁਝ ਇਕ ਇਥੇ ਹੂਬਹੂ:

"ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਆਏ ਤਿੰਨ ਮੁਖ ਮਹਿਮਾਨ ਵਿਦਵਾਨਾਂ ਵਿਚੋਂ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਦਰਸ਼ਨ ਸਿੰਘ ਖਾਲਸਾ ਜੀ, ਜੋ ਗੁਰੂ ਗ੍ਰੰਥ ਸਾਹਿਬ ਅਕੈਡਮੀ ਦੇ ਮੁਖੀ ਤੇ ਗੁਰਬਾਣੀ ਦਾ ਕੀਰਤਨ ਅਤੇ ਅਰਥ ਸੰਗਤ ਨੂੰ ਸਮਝਾਉਣ ਵਾਲੇ ਵੀ ਹਨ, ਗੁਰੂ ਦੀ ਤਾਬਿਆ ਬੈਠੇ, ਸਾਹਮਣੀ ਦੀਵਾਰ ਤੇ ਲੱਗੀਆਂ ਤਸਵੀਰਾਂ ਵੇਖ ਰਹੇ ਨੇ। ਉਨਾਂ ਮਗਰੋਂ ਡਾਕਟਰ ਗੁਰਦੀਪ ਸਿੰਘ ਜਗਬੀਰ, ਡਾ ਹਰਦਿਆਲ ਸਿੰਘ ਜੀ, ਇਨਾਂ ਨਾਲ ਸਾਹਿਬ ਸ੍ਰੀ ਗੁਰ ਗ੍ਰੰਥ ਜੀ ਦੇ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਫਰੰਕਫਰਟ, ਪਹੁੰਚੀਆਂ ਜਰਮਨੀ ਦੇ ਹੋਰ ਅਠਾਰਾਂ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਧਿਰਾਂ, ਜਿਨਾਂ ਵਿਚ ਇਹ ਲਿਖਾਰੀ ਵੀਰ ਵੀ ਹੈ, ਜਾਂ ਤੇ ਸਟੇਜ ਤੋਂ ਸਾਹਮਣੀ ਦੀਵਾਰ ਤੇ ਲੱਗੀਆਂ ਤਸਵੀਰਾਂ, ਵੇਖ ਰਹੀਆਂ ਨੇ ਜਾਂ ਇਨਾਂ ਤਸਵੀਰਾਂ ਨੂੰ ਪਿਠ ਕਰੀ ਬੈਠੀਆਂ ਹਨ। "
"1) ਜਾਣੇ ਆਣਜਾਣੇ ਗੁਰਮਤਿ ਅਸੂਲਾਂ ਦੇ ਉਲਟ ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਦੀ ਬਿਪਰਨ ਰੀਤ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਵੇਖਕੇ ਖਾਮੋਸ਼ ਰਹਿ ਜਾਣ ਦੀ ਹੋਈ ਅਵੱਗਿਆ ਦੇ ਪਸ਼ਚਾਤਾਪ ਅਤੇ ਭੁੱਲ ਬਖਸ਼ਾਈ ਦੀ ਗੁਰੂ ਅੱਗੇ ਗੁਪਤ ਜਾਂ ਸੰਗਤਾਂ ਨੂੰ ਦੱਸਕੇ, ਕਿਸੇ ਗੁਰੂ ਘਰ ਜਾਕੇ ਆਪਜੀ ਵੱਲੋਂ ਅਰਦਾਸ ਕਰਨੀ ਜਾਂ ਕਰਵਾਣੀ ਅਤੇ ਗੁਰੂ ਘਰ ਫਰੰਕਫਰਟ ਦੇ ਪ੍ਰਬੰਧਕਾਂ ਨੂੰ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹਾਲ ਵਿਚੋਂ ਸਤਿਕਾਰਯੋਗ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਜਲਦੀ ਤੋਂ ਜਲਦੀ ਲਾਹਕੇ, ਉਨਾਂ ਨੂੰ ਬਣਦੀ ਕਿਸੇ ਹੋਰ ਸਤਿਕਾਰਯੋਗ ਥਾਂ ਤੇ ਕਰਨ ਦੀ ਪੁਰਜੋਰ ਅਪੀਲ ਕਰਨੀ ਅਤੇ ਇਸ ਦੀ ਜਾਣਕਾਰੀ ਸੰਗਤ ਨੂੰ ਦੇ ਦੇਣੀਂ। "
"ਸਿੰਘ ਸਹਿਬਾਨ ਜੀਉ ਗੁਰੂ ਨੂੰ, ਕਰਤੇ ਨੂੰ ਉਸ ਦੇ ਭਾਣੇ ਅਨੁਸਾਰ, ਪੂਰਣ ਮੰਤਵ ਲਈ ਦਿੱਤੀ ਸ਼ਹਾਦਤ, ਸ਼ਹੀਦੀ ਹੀ ਮਨਜੂਰ ਹੈ। ਜਿਵੇਂ ਉਸ ਲਈ ਇਕ ਪਾਸੇ ਬਿਪਰਨ ਵਲੋਂ ਰਲਾ ਕਰਕੇ ਅਖੌਤੀ ਨਕਲੀ ਕੀਤੇ ਅਤਿ ਨੀਚ ਕਾਮਾਂ ਸੂਤਰਾ ਕਿਤਾਬ ਨੂੰ ਸਾਡੇ ਦਸ਼ਮੇਸ਼ ਪਿਤਾ ਦੇ ਨਾਮ ਨਾਲ ਜਬਰੀ ਮੜ੍ਹਨ ਅਤੇ ਇਸ ਦੇ ਪ੍ਰਕਾਸ਼, ਪਾਠਾਂ, ਅਖੰਡਪਾਠਾਂ ਦੇ ਖਿਲਾਫ ਆਵਾਜ ਉਠਾਉਣੀ ਅਤੇ ਦੂਜੇ ਪਾਸੇ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲਾਈਆਂ ਤਸਵੀਰਾਂ ਦੇ ਕੁਕਰਮ ਨੂੰ ਵੇਖ ਕੇ ਚੁਪ ਰਹਿਣਾਂ, ਹਿਸਾਬ ਜੀਰੋ ਕਰਕੇ ਆਪਣੇ ਆਪਨੂੰ ਖਾਲੀ ਹੱਥ ਕਰ ਲੈਣਾਂ ਹੈ, ਇਸੇ ਤਰਾਂ ਇਕ ਪਾਸੇ ਜਬਰੀ ਝੂਠ ਸਵਿਕਾਰ ਕਰਵਾਣ ਲਈ ਨਿਕਲੇ ਸਿਖ ਸਰੂਪ ਬਿਪਰਨ ਦਾ ਭੈਅ ਨਾ ਕਬੂਲਦੇ, ਇਨਾਂ ਹੱਥੋਂ ਸ਼ਹੀਦ ਹੋਣਾਂ ਮਨਜੂਰ ਐਲਾਨਣਾਂ, ਪਰ ਦੂਜੇ ਪਾਸੇ ਇਹ ਸਿਖ ਸਰੂਪ ਵਿਚ ਬਿਪਰਨ, ਜਿਸ ਬਿਪਰਨ ਤਖਤ ਦੀ ਹਮਾਇਤ, ਸ਼ਹਿ ਅਤੇ ਹਦਾਇਤਾਂ ਤੇ ਦਣਦਣਾਉਂਦੇ ਫਿਰ ਰਹੇ ਨੇ, ਉਸ ਬਿਪਰਨ ਤਖਤ ਦਾ ਭੈਅ ਸਵਿਕਾਰ ਕਰਦੇ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ, ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੇ ਜਾਰੀ ਹੁਕਮਨਾਮੇਂ ਨੂੰ ਠੁਕਰਾਇਆ ਹੋਣਾਂ, ਹਿਸਾਬ ਜੀਰੋ ਕਰਕੇ, ਸੰਸਾਰੋਂ ਖਾਲੀ ਹੱਥ ਜਾਣਾਂ ਹੈ।
ਇਹ ਐਲਾਨ ਕਿ ਤੁਸਾਂ ਲਈ ਰਹਿੰਦੀ ਜਿੰਦਗੀ ਦਾ ਮੁਖ ਉਦੇਸ਼ ਜਿਥੇ ਗੁਰਮਤਿ ਸੱਚ ਅਤੇ ਸਿਖ ਕਿਰਦਾਰ ਦੀ ਰਾਖੀ ਲਈ ਹੁਣ ਵਾਂਗ ਅਡੋਲ ਖੜ੍ਹਦੇ ਰਹਿਣਾ ਹੈ ਉਥੇ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ ਤੁਸਾਂ ਲਈ ਆਪਣੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਹੈ, ਹੀ ਗੁਰੂ ਅਨੁਸਾਰ ਆਪਣੇ ਆਪਨੂੰ ਸ਼ਹੀਦੀ ਲਈ ਪੂਰਣ ਰੂਪ ਵਿਚ ਤਿਆਰ ਕਰਦੇ ਹੋਏ, ਆਪਣੇ ਆਪਨੂੰ ਪੂਰਣ ਰੂਪ ਵਿਚ ਇਕੋ ਇਕ ਆਪਣੇ ਸਿਰਜਣਹਾਰ ਅਕਾਲਪੁਰਖ ਦੇ ਹੁਕਮ ਅਤੇ ਰਜਾ ਦੇ ਅਧੀਨ ਕਰ ਲੈਣਾਂ ਹੈ।
**ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥**
**ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥** (ਪੰਨਾ 732) "

ਇਸ ਸੁਝਾ ਖਤ ਵਿਚ ਗੁਰੂ ਆਸਰੇ ਇਸ ਨਾਲ ਇਹ ਸੱਚ ਵੀ ਸਾਂਝੇ ਕੀਤੇ ਸਨ ਕਿ ਸਿਰਫ ਤਿੰਨ ਹੀ ਸਵਾਲਾਂ ਤੋਂ ਸਿਵਾ ਬਾਕੀ ਸਾਰੀ ਇਕੋ ਅਕੱਥ ਸੱਚ ਕਹਾਣੀ ਦੇ ਗਿਆਨ ਨੂੰ ਗੁਰੂ ਵਲੋਂ ਆਪਣੇ ਲਾਲੋਕਿਆਂ ਦੇ ਪੱਲੇ ਵਿਚ ਕਰ ਦਿੱਤਾ ਗਿਆ ਹੈ। ਇਹ ਵੀ ਕਿ ਜੇ ਭਾਈ ਦਰਸ਼ਨ ਸਿੰਘ ਜੀ ਤੁਸੀਂ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੇ ਪਵਿਤ੍ਰ ਹੁਕਮਨਾਮੇ ਨੂੰ ਠੋਕਰ ਨਾ ਮਾਰੀ ਹੁੰਦੀ ਤਾਂ ਆਹ ਗੁਰੂ ਗਿਆਨ ਦੀਆਂ ਗੱਲਾਂ ਆਪਣੇ ਪੰਥ ਨਾਲ ਆਪਜੀ ਨੇ ਕਰਨੀਆਂ ਸਨ।

ਪਰ ਜੋ ਦਰਸ਼ਨ ਸਿੰਘ ਨੇ ਆਪਣਾਂ 25 ਸਾਲਾਂ ਤੋਂ ਕੀਤਾ ਹੋਇਆ ਸੀ ਉਸ ਦਾ ਹੀ ਉਘਾੜ ਦਿਨ ਕਰਤੇ ਨੇ ਇਕ ਦਿਨ ਲਿਆਉਣਾਂ ਸੀ। ਗੁਰੂ ਕਰਤਾ ਨੇ ਆਪਣੇ ਕਿਸੇ ਗੁਰਸਿਖ ਨਾਲ ਤਾਂ ਕੀ, ਉਹ ਤੇ ਤਾਂ ਕਿਸੇ ਇਕ ਇਨਸਾਨ ਜਾਂ ਜੂਨ ਜੀਵ ਨਾਲ ਵੀ ਅਨਿਆ ਨਹੀਂ ਕੀਤਾ ਅਤੇ ਕਰਦਾ। ਸਿਖ ਸਰੂਪ ਵਿਚ ਜੁਰਾਇਮ ਪੇਸ਼ਾ ਬਿਪਰਨ ਔਲਾਦ ਸੰਯੁਕਤ ਕਾਲਕਾ ਪੰਥ ਵਲੋਂ ਆਪਣੇ ਵਿਚੋਂ ਖਾਰਜ ਕਰਨ ਮਗਰੋਂ ਇਸ ਸੰਯੁਕਤ ਕਾਲਕਾ ਪੰਥ ਦੀ ਟੁਟੀ ਦੂਜੀ ਬਾਂਹ ਦਰਸ਼ਨ ਸਿੰਘ ਵਲੋਂ ਵੀ ਕਦੇ ਆਪਣੇ ਭਾਈ ਰਹੇ ਜੁਗਿੰਦਰ ਸਹੁੰ ਦੀ ਤਰਾਂ ਹੀ **'ਗੁਰੂ ਗ੍ਰੰਥ ਦਾ ਖਾਲਸਾ ਪੰਥ'** ਨਾ ਥੱਲੇ, ਕਾਂਗਰਸ ਦੀ ਗੋਦ ਵਿਚ ਗੁਲਾਮੀ ਦਾ ਨਿਘ ਮਾਣਦਾ ਆਪਣਾ ਕਾਲਕਾ ਪੰਥ ਕਾਇਮ ਕਰ ਲਿਆ ਹੈ। ਜਿਸ ਦਾ ਮਕਸਦ ਇਕੋ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਅੱਖਰ ਕਿਤਾਬ ਦਾ ਪ੍ਰਕਾਸ਼ ਰੁਕਵਾਉਣ ਤੱਕ ਹੀ ਸੀਮਤ ਹੈ। ਸੋ ਇਸ ਵਲੋਂ ਜੂਨ ਚੌਰਾਸੀ ਦੇ ਸ਼ਹੀਦਾਂ ਦੇ ਮੁਖਾਰਬਿੰਦ ਤੋਂ ਗੁਰੂ ਹੁਕਮੀਂ ਕਰਤੇ ਹੁਕਮੀਂ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੇ ਹੁਕਮਨਾਮੇ ਨੂੰ ਠੁਕਰਾ ਕੇ, ਅਗਾਂਹ ਵੀ ਸੰਤ ਨਿੰਦ ਹੀ ਹੋਏ ਰਹਿਣਾਂ ਹੈ, ਆਪਣੇ ਵਿਛੜੇ ਸੰਯੁਕਤ ਕਾਲਕਾ ਪੰਥ ਵਾਂਗਰ, ਆਪਣੇ ਵਿਛੜੇ ਜੁਗਿੰਦਰ ਸਹੁੰ ਭਾਈ ਵਾਂਗਰ, ਐਲਾਨ ਕਰਕੇ, ਆਪਣਾਂ ਅਤੇ ਆਪਣੇ ਮਗਰ ਤੁਰਿਆਂ ਦਾ ਜੋ ਰਾਹ ਐਲਾਨ ਲਿਆ ਹੈ, ਇਸ ਨੂੰ ਅਤੇ ਇਸ ਮਗਰ ਲੱਗਿਆਂ ਨੂੰ ਮੁਬਾਰਕ।

ਭਾਈ ਬਖਸ਼ੀਸ਼ ਸਿੰਘ ਜੀ ਇਹ ਲਾਲੋਕੇ ਮਾਇਆ ਨਾਲ ਸੱਚ ਦਾ ਪ੍ਰਚਾਰ ਖ੍ਰੀਦਣ ਵਾਲਿਆਂ ਵਿਚੋਂ ਤਾਂ ਨਹੀਂ ਹਨ। ਪਰ ਸੱਚ ਤੋਂ ਜਾਣੂੰ ਅਤੇ ਸੰਗਤ ਦੀ ਸੱਥ ਵਿਚ ਬਿਨਾਂ ਮਾਇਆ ਕਰ ਸਕਣ ਦੇ ਸਮ੍ਰੱਥ ਜਰੂਰ ਹਨ। ਕੋਈ ਸਪੋਕਸਮੈਨ ਜਾਂ ਦਰਸ਼ਨ ਸਿੰਘ ਹੀ ਇਕੱਲੇ ਨਹੀਂ ਹੋਏ। ਸਗੋਂ ਇਹ ਵੀ ਹਨ ਜਿਨਾਂ ਬਿਪਰਨ ਦੇ ਕਾਮਾ ਸੂਤਰਾ ਨੂੰ ਸਾਡੇ ਦਸ਼ਮੇਸ ਪਿਤਾ ਦੇ ਨਾਮ ਨਾਲ ਮੜਨ ਅਤੇ ਬਿਪਰਨ ਦੇ ਕੂੜ ਦੀ ਕਿਤਾਬ ਦੇ ਗੁਰੂ ਬਰਾਬਰ ਪ੍ਰਕਾਸ਼ ਖਿਲਾਫ ਖੜਿਆ ਗਿਆ ਹੈ। ਇਨਾਂ ਹੀ ਨਹੀ ਨਾਲ ਸਪੋਕਸਮੈਨ ਲਾਣੇ ਦੇ ਬਿਪਰਨ ਔਲਾਦ ਅਖੋਤੀ ਵਿਦਵਾਨਾਂ ਖਿਲਾਫ ਵੀ ਖੜਿਆ ਗਿਆ। ਜੋ ਦਸ਼ਮੇਸ ਪਿਤਾ ਦਾ ਕੁਝ ਵੀ ਨਾ ਹੋਣ ਦਾ ਅਤਿ ਕੂੜ ਮੁਰਦਾਰ ਖਾ ਰਹੇ ਸ਼ਰਮ ਹਿਆ ਨਹੀ ਕਰ ਰਹੇ। ਇਹ ਲਿਖਤ ਵੀ ਆਪਜੀ ਲਈ ਨਾਲ ਕਰ ਦਿੱਤੀ ਹੈ। ਇਸ ਦਾ ਸਰਲੇਖ ਹੈ **'ਬਿਪਰਨ ਦੇ ਕਾਮਾ ਸੂਤਰਾ ਨੂੰ ਗੁਰੂ ਦੀ ਬਾਣੀ ਐਲਾਨਣਾਂ, ਗੁਰੂ ਦਾ ਅਪਮਾਨ, ਨਿੰਦਾ ਅਤੇ ਗੁਰੂ ਅਤੇ ਗੁਰਮਤਿ ਸੱਚ ਨਾਲ ਧ੍ਰੋਹ ਦੀ ਸਿਖਰ'**। ਜੋ ਗੁਰੂ ਦੀ ਧਰਤ ਮਾਸਕ ਰਸਾਲੇ 'ਦੇਸ ਪੰਜਾਬ' ਦੇ ਅੰਕ ਅਪ੍ਰੈਲ 2007 ਵਿਚ ਛਾਪਕੇ ਸੰਗਤ ਦੀ ਸੱਥ ਵਿਚ ਹੋਇਆ। ਇਸ ਵਿਚੋਂ ਇਥੇ ਕੁਝ ਹੂਬਹੂ:

"ਖਾਲਸਾ ਜੀ ਵੇਖੋ ਕਰਤਾ ਪੁਰਖ ਦੀ ਆਪਣੇ ਲਈ ਬਖਸ਼ਿਸ਼ ਕਿ ਗੁਰੂ ਮਹਾਰਾਜ ਵਲੋਂ ਕਿਸੇ ਤਰਾਂ ਦਾ ਭੁਲੇਖਾ ਹੀ ਨਾ ਰਹਿਣ ਦੇਣਾਂ ਕਿ ਸਾਡੇ ਸਰਬ ਉਤਮ ਗਰੁਧਾਮਾਂ ਤੇ ਕਾਬਜਾ ਕਰਕੇ ਫਰਮਾਨ ਜਾਰੀ ਕਰਨ ਵਾਲੇ ਤਾਂ ਜਿਥੇ ਗੁਰੂ ਦੇ ਹੁਕਮਾਂ ਉਪਦੇਸ਼ਾਂ ਨੂੰ ਨਹੀਂ ਮੰਨਦੇ ਉਥੇ ਇਹ ਤਾਂ ਜਾਰੀ ਕੀਤੇ ਆਪਣੇ ਹੀ ਫਰਮਾਨਾਂ ਨੂੰ ਵੀ ਨਹੀਂ ਮੰਨਦੇ। ਇਨਾਂ ਵੱਲੋਂ ਹੁਕਮਨਾਮਾਂ ਜਾਰੀ ਸੀ ਕਿ ਦਸਮ ਗ੍ਰੰਥ ਉਤੇ ਆਖਰੀ ਫੈਸਲੇ ਤੱਕ ਕੋਈ ਵਿਵਾਦ ਨਾ ਛੇੜਨਾਂ। ਪਰ ਇਨਾਂ ਵੱਲੋਂ ਗੁਰਸਿਖ ਵਿਦਵਾਨਾਂ ਦਾ ਬਿਨਾਂ ਕੋਈ ਖੋਜ ਕਮਿਸ਼ਨ ਕਾਇਮ ਕੀਤਿਆਂ, ਬਿਨਾਂ ਕਿਸੇ ਉਤਮ ਗੁਰਮਤਿ ਦਲੀਲ ਦਿੱਤਿਆਂ, ਫਤਿਹ ਦਿਵਸ ਦੀ ਆੜ ਵਿਚ, ਸ਼ੈਤਾਨ ਮੂਰਤ ਬਿਪਰਣ ਵਲੋਂ, ਦਸਮ ਗ੍ਰੰਥ ਵਿਚ ਦਰਜ ਕਰਵਾ ਦਿੱਤਿਓ ਆਪਣੇ ਅੱਤ ਅਸ਼ਲੀਲ ਕਾਮਾਂ ਸੂਤਰਾ ਨੂੰ, ਸਾਡੇ ਸਤਿਗੁਰੂ ਦੇ ਦਸਵੇਂ ਸਰੂਪ ਅਕਾਲ ਪੁਰਖ ਦੇ ਅਦੁਤੀ, ਲਾਸਾਨੀ ਅਤੇ ਆਉਂਦੇ ਕਲ ਨੂੰ ਵੀ ਜਾਨਣ ਅਤੇ ਕਲਮਬੰਦ ਕਰ ਜਾਣ ਵਾਲੇ ਜਰਨੈਲ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਐਲਾਨਕੇ, ਬਿਪਰਣ ਦੇ ਅੱਤ ਅਸ਼ਲੀਲ ਸਮੇਤ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠਾ, ਇਸ ਦੇ ਅਖੰਡਪਾਠਾਂ ਦੀ ਗੁਰਮਤਿ ਹੀਣੀਂ ਪਿਰਤ ਨੂੰ ਖਾਲਸਾ ਪੰਥ ਤੇ ਲਾਗੂ ਕਰਵਾ ਦਿਤਾ ਹੈ। ਇਸ ਤਰਾਂ ਸਾਡੇ ਸਤਿਗੁਰ ਦੇ ਦਸਵੇਂ ਸਰੂਪ ਅਕਾਲ ਪੁਰਖ ਦੇ ਅਦੁਤੀ ਜਰਨੈਲ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ, ਸਾਡੇ ਧਰਮ ਦੀ,

ਸਾਡੇ ਖਾਲਸਾ ਪੰਥ ਦੀ ਅਤੇ ਇਥੇ ਵਸਦੇ ਪੂਰਨ ਸੱਚ ਦੀ, ਜਤ ਦੀ, ਸੱਤ ਦੀ ਸਿਖਰ ਤੌਹੀਨ ਕਰ ਦਿੱਤੀ ਹੈ। ਇਹ ਹੈ ਨਿਵਾਣਾਂ ਵੱਲ ਵਗਦੇ ਪਾਣੀਆਂ ਵੱਲੋਂ ਮਛਲੀ ਨੂੰ ਪੱਥਰ ਚਟਾਕੇ, ਅੰਤ ਆਪਣੇ ਵਗਣ ਦੀ ਅਸਲੀਅਤ ਦਾ ਭੇਦ ਦੇ ਕੇ ਮੋੜ ਦੇਣਾਂ।

ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰਛਾਇਆ ਥੱਲੇ ਇਸ ਕਾਰਵਾਈ ਨੂੰ ਸਹੀ ਕਰਾਰ ਦੇਣ ਵਾਲਿਆਂ ਵਲੋਂ ਖੁਦ ਅਕਾਲ ਤਖਤ ਦੀ ਭੂਮਕਾ ਨਿਭਾਂਦਿਆਂ 23 ਦਸੰਬਰ 2006 ਨੂੰ ਇਕ ਸੈਮੀਨਾਰ ਕਰਕੇ ਸੱਤ ਨੁਕਾਤੀ ਮਤੇ ਰੂਪੀ ਹੁਕਮਨਾਮਾਂ ਜਾਰੀ ਕੀਤਾ ਹੈ ਜਿਸ ਅਧੀਨ ਦਸਮ ਗ੍ਰੰਥ ਵਿਚ ਬਿਪਰਨਾਂ ਵਲੋਂ ਪ੍ਰੋਏ ਅਤਿ ਅਸ਼ਲੀਲ ਨੂੰ ਗੁਰੂ ਦੀ ਬਾਣੀ ਐਲਾਨਿਆ ਹੈ। ਇਹ ਨਾ ਮੰਨਣ ਵਾਲਿਆਂ ਦੇ ਨਾਮ ਲੈਕੇ, ਉਨਾਂ ਨੂੰ ਕਿਸੇ ਭਾਗ ਸਿੰਘ ਅੰਬਾਲਾ ਦੀ ਮਰੀ ਸੋਚ ਨੂੰ ਜਿੰਦਾ ਕਰਨ ਵਾਲੇ ਭਸੌੜੀ ਦੱਸਿਆ ਹੈ ਅਤੇ ਇਨਾਂ ਨਾਲ ਬਿਪਰਨ ਤਖਤ ਦੀਆਂ ਅਦਾਲਤਾਂ ਵਿਚ ਨਜਿੱਠਣ ਲਈ 7 ਮੈਂਬਰੀ ਕਾਨੂਨੀ ਕਾਰਵਾਈ ਕਮੇਟੀ ਦਾ ਐਲਾਨ ਕੀਤਾ ਹੈ ਜੋ ਬਾਦਲਕਿਆਂ, ਇਸ ਦੇ ਕੌਮ ਲਈ ਸਰਬਉਚ ਕਰਕੇ ਧਾਪਿਆਂ ਅਤੇ ਇਨਾਂ ਦੇ ਹੁਕਮ ਅਤੇ ਰਜਾ ਦੇ ਕੀਤਿਆਂ ਦਾ ਇਕ ਅਗਵਾਈ ਰੂਪ ਹੋਇਆ ਇਹ ਹੈ: ਬਾਬਾ ਹਰਨਾਮ ਸਿੰਘ - ਦਮਦਮੀ ਟਕਸਾਲ, ਪਿੰਸੀਪਲ ਗੁਰਮੁਖ ਸਿੰਘ - ਅਖੰਡ ਕੀਰਤਨੀ ਜਥਾ, ਗਿਆਨੀ ਸ਼ੇਰ ਸਿੰਘ ਨਿਹੰਗ - ਬੁੱਢਾ ਦਲ, ਬਾਬਾ ਅਵਤਾਰ ਸਿੰਘ ਨਿਹੰਗ - ਤਰਨਾ ਦਲ, ਜੋਧ ਸਿੰਘ - ਪੰਜਾਬੀ ਵੈਰਸਟੀ ਪਟਿਆਲਾ। ਗੁਰਚਰਨਜੀਤ ਸਿੰਘ ਲਾਂਬਾ - ਅਡੀਟਰ ਸੰਤ ਸਿਪਾਹੀ ਅਤੇ ਸ੍ਰੀ ਡੀ ਐਸ ਗਿਲ - ਚੇਅਰਮੈਨ।
ਸੋ ਖਾਲਸਾ ਜੀ ਜੋ ਖੁਦ ਹੀ ਗੁਰੂ ਦੇ ਹੁਕਮਾਂ ਨੂੰ ਅਤੇ ਆਪਣੇ ਹੀ ਕੌਮ ਲਈ ਜਾਰੀ ਕੀਤੇ ਫੁਰਮਾਨਾ ਨੂੰ ਨਾ ਮੰਨਣ ਵਾਲੇ ਸਿਧ ਕਰ ਜਾਣ, ਹੁਣ ਉਨਾਂ ਸਿਖੀ ਸਰੂਪ ਵਿਚ ਬਿਪਰਨ ਰੀਤ ਦੇ ਪੂਰਨ ਸ਼ਿਕਾਰ ਅਸਿਖਾਂ ਮਗਰ ਸਾਡਾ ਲੱਗਣਾਂ, ਇਨਾਂ ਦੀ ਹਮਾਇਤ ਕਰਨੀ, ਇਨਾਂ ਦੇ ਕਲਜੁਗੀ ਫੁਰਮਾਨਾਂ ਨੂੰ ਮੰਨਣਾਂ ਜਾਂ ਦੂਜਿਆਂ ਨੂੰ ਮੰਨਣ ਲਈ ਪ੍ਰੇਰਣਾਂ, ਕਰਤਾਪੁਰਖ ਦੇ ਸਿਰਜੇ ਇਨਸਾਨ ਲਈ, ਗੁਰਸਿਖ ਬੱਬਰ ਸ਼ੇਰ ਲਈ, ਖਾਲਸੇ ਲਈ, ਬ੍ਰਹਮਗਿਆਨੀ ਲਈ, ਭਗਤ, ਸੂਰੇ ਸੰਤ ਲਈ ਆਪਣੇ ਆਪਨੂੰ ਭੇਡਾਂ ਦੀ ਵੱਗ ਵਿਚ ਸ਼ਾਮਲ ਕਰਕੇ ਆਪਣਾਂ ਅਮੁੱਲਾ ਜੀਵਨ ਕੌਡੀਆਂ ਭਾਅ ਵੇਚ ਦੇਣ ਤੁੱਲ ਹੈ। ਇਹ ਉਹ ਨਹੀ ਹਨ ਜਿਨਾਂ ਤੋਂ ਗੁਰੂ ਦੇ ਹੁਕਮਾਂ ਨੂੰ ਮੰਨਣ ਕਰਕੇ ਗੁਰੂ ਵੱਲੋਂ ਆਪਣੇ ਗਿਆਨ ਦੀ ਬਖਸ਼ਿਸ ਕਰ ਦਿੱਤੀ ਹੋਵੇ। ਸਗੋਂ ਇਹ ਉਹ ਹਨ ਜਿਨਾਂ ਨੂੰ ਗੁਰੂ ਦੇ ਹੁਕਮਾਂ ਨੂੰ ਨਾ ਮੰਨਣ ਕਰਕੇ, ਗੁਰੂ ਨੇ ਸਭ ਗੁਰਮਤਿ ਚੰਗਿਆਈ ਤੱਤਾਂ ਨੂੰ ਖੋਹ ਲਿਆ ਹੈ ਅਤੇ ਖਾਲਸੇ ਲਈ ਇਨਾਂ ਤੋਂ ਆਪਣੀ, ਆਪਣੇ ਗੁਰਧਾਮਾਂ ਦੀ, ਆਪਣੇ ਧਰਮ ਦੀ ਅਤੇ ਪੰਥ ਦੀ ਆਜਾਦੀ, ਕਰਤਾਪੁਰਖ ਨੇ ਆਪਣਾ ਹੁਕਮ, ਰਜਾ ਅਤੇ ਭਾਣਾਂ ਕਰ ਰੱਖਿਆ ਹੈ।
ਦੁਨੀਆਂ ਦੀ ਕਿਸੇ ਅਦਾਲਤ ਦੁਆਰਾ ਸਜਾ ਲਈ ਜਾਂ ਕਿਸੇ ਵਲੋ ਨਿਜੀ ਸਜਾ ਲਈ ਦਾਸ ਵਾਰੇ ਜਰੂਰੀ ਜਾਣਕਾਰੀ ਇਹ ਹੈ:

ਉਨਾਂ ਪੰਜਾਂ ਵਿਚੋਂ ਦੋ ਪ੍ਰਵਾਰ ਜੀਆਂ ਦੀ ਸੰਤਾਨ ਇਹ ਪਾਣੀਂ, ਜਿਨਾਂ ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੋਰ ਭਾਸ਼ਾਵਾਂ ਅਤੇ ਧਰਮਾਂ ਦੀ ਜਾਣਕਾਰੀ ਹਾਸਲ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਅਤੇ ਪ੍ਰਚਾਰ, ਬਿਪਰਨ ਵੱਲੋਂ ਨੀਚ ਅਸ਼ੂਤ ਚੌਥੇ ਦਰਜੇ ਦੇ ਕਰਾਰ ਦਿੱਤਿਆਂ ਦੇ ਵਰਗ ਵਿਚ ਜਾਕੇ ਕਰਨ ਦੀ ਜ਼ਿਮੇਵਾਰੀ ਸੌਂਪੀ ਗਈ ਸੀ। ਪਰ ਬਦਲੇ ਵਿਚ ਅੰਮ੍ਰਿਤਧਾਰੀ ਹੋਣ ਦੀ ਸ਼ਰਤ ਨਹੀਂ ਰੱਖੀ ਸੀ। ਜੋ ਮਗਰੋਂ ਨਿਰਮਲੇ ਸੰਤ ਅਖਵਾਏ ਹਨ। ਜਿਸ ਬੱਚੇ ਪ੍ਰਾਣੀ ਨੂੰ ਨਾਮ ਨਿਰਮਲ ਸਿੰਘ, ਨਿਰਮਲੇ ਸੰਤਾਂ ਦੇ ਇਕ ਸਮੂਹ ਵਲੋਂ ਆਪਸ ਵਿਚ ਵਿਚਾਰ ਕਰਕੇ ਬਖਸ਼ਿਸ਼ ਕੀਤਾ ਗਿਆ ਸੀ ਅਤੇ ਜਿਸ ਨੂੰ ਇਹ ਪ੍ਰਾਣੀ ਇਸ ਅਰਦਾਸ ਨਾਲ ਆਪਣੇ ਗੁਰੂ ਦਰ ਰੱਖ ਆਇਆ ਸੀ ਕਿ ਪਹਿਲੋਂ ਕਿਰਦਾਰ ਪੱਖੋਂ ਇਸ ਪਵਿਤ੍ਰ ਨਾਮ ਨੂੰ ਧਰਾ ਸਕਣ ਦੇ ਕਾਵਲ ਕਰੋ ਜੀ। ਉਦ ਤੱਕ ਮੇਰਾ ਆਮ ਦੁਨਿਆਵੀ ਨਾਮ। ਜੂਨ ਚੌਰਾਸੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਉਤੇ ਬਿਪਰਨ ਤਖਤ ਵਲੋਂ ਬੋਲ ਦਿੱਤੇ ਫੌਜੀ ਧਾਵੇ ਮਗਰੋਂ, ਇਸ ਬਿਪਰਨ ਤਖਤ ਨੂੰ ਜੜੋਂ ਉਖੇੜ ਦੇਣ ਲਈ, ਆਪਣੇ ਆਪਨੂੰ ਖਾਲਸਾ ਪੰਥ ਦੇ ਹਵਾਲੇ ਕਰਨ ਸਮੇਂ, ਮੈਨੂੰ ਬਖਸ਼ਿਸ਼ ਹੋਇਆ ਨਾਮ: ਬਿਧੀ ਸਿੰਘ ਬੱਬਰ। ਪਿਤਾ: ਸੰਤ ਜਮਨਾ ਦਾਸ, ਬਾਬਾ ਸੰਤ ਆਤਮਾਂ ਰਾਮ। ਮਾਤਾ ਗੋਬਿੰਦ ਕੌਰ, ਨਾਨਾ ਸੰਤ ਹਰੀ ਦਾਸ। ਜੱਦੀ ਪਿੰਡ: ਨਰੂੜ, ਜਿਲਾ ਕਪੂਰਥਲਾ।"

ਆਪ ਜੀ ਦੇ ਖਤ ਵਿਚ ਇਕ ਸਵਾਲ ਇਹ ਹੈ: ਕੀ ਫ਼ਰਕ ਹੈ ਬਾਦਲ ਤੇ ਜੋਗਿੰਦਰ ਸਿੰਘ ਵਿੱਚ?

ਗੁਰਸਿਖ ਕਾਫਲੇ ਲਈ ਕੋਈ ਫਰਕ ਨਹੀਂ ਹੈ ਨਾ ਬਾਦਲਕਿਆਂ+ ਇਸ ਦੇ ਪੁਜਾਰੀ ਟੋਲੇ+ ਇਸ ਦੀ ਸ਼ਰੋਮਣੀ ਕਮੇਟੀ ਅਤੇ ਨਾ ਹੀ ਜੁਗਿੰਦਰ ਸੁੰਹ+ਦਰਸ਼ਨ ਸਹੁੰ ਵਿਚ। ਸਤਿਗੁਰ ਤਾਂ ਸੰਤਨ ਕੀ ਖ਼ੂੜ ਹੋਣਾਂ ਲੋਚਦੇ ਹਨ। ਗੁਰ ਪ੍ਰਸਾਦਿ ਇਹ ਗੁਰੂ ਪਿਆਰੇ ਸੰਤ

ਸੰਸਾਰ ਤੇ ਆਏ। ਜਿਨਾਂ ਦੇ ਮੁਖਾਰਬਿੰਦ ਤੋਂ ਗੁਰੂ ਕਰਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਪਵਿਤ੍ਰ ਹੁਕਮਨਾਮਾਂ ਜਾਰੀ ਕਰਵਾਉਂਦੇ ਨੇ ਅਤੇ ਕੋਣ ਸਿਖ ਸਰੂਪ ਵਿਚ ਗੁਰੂ ਦਾ ਸਿਖ ਅਤੇ ਕੌਣ ਸਿਖ ਸਰੂਪ ਵਿਚ ਅਸਿਖ ਬਿਪਰਨ ਦੀ ਔਲਾਦ, ਪਹਿਚਾਣ ਲਈ ਇਨਾਂ ਸੂਰੇ ਸ਼ਹੀਦਾਂ ਦੁਆਰਾ ਖੰਡੇ ਨਾਲ ਅਮਿੱਟ ਲਕੀਰ ਨਿਸ਼ਾਨ ਕਰਦੇ ਨੇ, ਉਸ ਗੁਰੂ ਦੇ ਪਿਆਰੇ ਸੰਤ ਦੇ, ਉਸ ਮੁਖੋਂ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਲਈ ਹੁਕਮਨਾਮੇ ਦੇ, ਸਿਖ=ਸੰਤ+ ਸੂਰਾ ਕਿਰਦਾਰ ਦੇ ਅਤੇ ਸ਼ਹੀਦਾਂ ਦੇ ਸੱਭੇ ਇਕ ਬਰਾਬਰ ਨਿੰਦਕ ਨੇ। ਸੰਤ ਨਿੰਦਕ ਲਈ ਗੁਰਬਾਣੀ ਸੱਚ ਫੁਰਮਾਨ ਇਥੇ ਕੁਝ ਇਸ਼ਾਰੇ ਮਾਤਰ ਆਪਜੀ ਦੇ ਸਾਹਮਣੇ ਕਰਦੇ ਹਾਂ। ਇਸ ਨਾਲ ਤੁਸਾਂ ਸਭ ਦੀ ਬਿਪਰਣ ਹੋ ਮਰ ਚੁੱਕੀ ਜਮੀਰ ਜੇ ਨਾ ਜਾਗੇ ਅਤੇ ਤੁਸੀਂ ਸੰਤ ਨਿੰਦਕ ਆਪਣੇ ਵਾਰੇ ਹੋਰ ਗੁਰਬਾਣੀ ਸੱਚ ਸੁਣਨ ਦੀ ਖਾਹਿਸ਼ ਰੱਖਦੇ ਹੋਵੋ, ਆ ਜਾਣਾਂ ਜੀ। ਹੋਰ ਅੱਗੇ ਰੱਖ ਦੇਵਾਂਗੇ:

ਸੰਤ ਕਾ ਨਿੰਦਕੁ ਮਹਾ ਹਤਿਆਰਾ ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥ ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥ ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥ ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥ ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥ ਸੰਤ ਕਾ ਦੋਖੀ ਸਦਾ ਅਪਵਿਤੁ ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥ ਸੰਤ ਕੇ ਦੋਖੀ ਕਉ ਡਾਨੁ ਲਾਗੈ ॥ ਸੰਤ ਕੇ ਦੋਖੀ ਕਉ ਸਭ ਤਿਆਗੈ ॥ ਸੰਤ ਕਾ ਦੋਖੀ ਮਹਾ ਅਹੰਕਾਰੀ ॥ ਸੰਤ ਕਾ ਦੋਖੀ ਸਦਾ ਬਿਕਾਰੀ ॥ ਸੰਤ ਕਾ ਦੋਖੀ ਜਨਮੈ ਮਰੈ ॥ ਸੰਤ ਕੀ ਦੂਖਨਾ ਸੁਖ ਤੇ ਟਰੈ ॥ ਸੰਤ ਕੇ ਦੋਖੀ ਕਉ ਨਾਹੀ ਠਾਉ ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥ ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥ ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥ ਸੰਤ ਕਾ ਦੋਖੀ ਉਝੜਿ ਪਾਈਐ ॥ ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥ ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥ ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥ ਸੰਤ ਕਾ ਦੋਖੀ ਇਉ ਬਿਲਲਾਇ ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥ ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥ ਸੰਤ ਕਾ ਦੋਖੀ ਧਰਮ ਤੇ ਰਹਤ ॥ ਸੰਤ ਕਾ ਦੋਖੀ ਸਦ ਮਿਥਿਆ ਕਹਤ ॥ ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥ ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥ ਸੰਤ ਕਾ ਦੋਖੀ ਸਦਾ ਸਹਕਾਈਐ ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥ ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥ ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ ਜੈਸਾ ਭਾਵੈ ਤੈਸਾ ਕੋਈ ਹੋਇ ॥ ਪਇਆ ਕਿਰਤੁ ਨ ਮੇਟੈ ਕੋਇ ॥ ਨਾਨਕ ਜਾਨੈ ਸਚਾ ਸੋਇ ॥੭॥ (ਪੰਨਾ 280)

ਦਰਸ਼ਨ ਸਿੰਘ ਨੂੰ ਸੰਯੁਕਤ ਕਾਲਕਾ ਪੰਥ ਵਲੋਂ ਸਿਖ ਸਰੂਪ ਵਿਚ ਬਿਪਰਨ ਦੀ ਸਿਖਰ ਜੁਰਾਇਮਪੇਸ਼ਾ ਔਲਾਦ ਬਣਦੇ ਜਾਹਲਸਾਜੀ ਦੇ ਝੂਠ ਅਨਿਆ ਜੋਰ ਨਾਲ ਛੇਕਣ ਦਾ ਵਿਰੋਧ ਕਰਨ ਵਾਲੇ ਆਪਣੇ ਨਾਲੋਂ ਜੁਰਾਇਮ ਪੇਸ਼ਾ ਲਿਖ ਹੋਣਾਂ ਹੀ ਕਟਵਾਣ ਤੱਕ ਨੇ।

ਤੁਸਾਂ ਦਾ ਮੁਖ ਸੰਯੁਕਤ ਕਾਲਕਾ ਪੰਥ, ਇਸ ਦੀਆਂ ਟੁਟ ਡਿਗੀਆਂ ਬਾਹਾਂ ਤੋਂ ਮੁੜ ਸੰਪੂਰਨ ਤਿਆਰਬਰ ਤਿਆਰ ਸੰਤ ਨਿੰਦਕ, ਪੰਥ ਵੈਰੀ ਕਾਲਕਾ ਪੰਥ ਜੁਗਿੰਦਰ ਸਹੁੰ +ਦਰਸ਼ਨ ਸਿੰਘ ਅਤੇ ਇਨਾਂ ਮਗਰ ਤੁਰਿਆ ਜਮ ਗਰਭ ਨਰਕ ਸਮੂਹ, ਭਾਈ ਬਖਸ਼ੀਸ਼ ਸਿੰਘ ਤੁਸਾਂ ਦਾ। ਤੁਸਾਂ ਨੂੰ ਮੁਬਾਰਕ। ਤੁਸਾਂ ਸਭ ਸੰਤ ਭਗਤ ਸ਼ਹੀਦ ਖਾਲਸੇ ਦੇ ਨਿੰਦਕਾਂ ਲਈ ਗੁਰਬਾਣੀ ਸੱਚ ਦਾ ਸੁਣਾਇਆ ਫੈਸਲਾ ਆਮ ਹਰਫੀਂ ਇਸ ਖਤ ਦੇ ਨਾਲ ਗੁਰੂ ਆਸਰੇ ਆਪ ਜੀ ਦੀ ਜਾਣਕਾਰੀ ਲਈ ਵੀ ਹੋ ਹੀ ਗਿਆ ਹੈ। ਇਸ 71 ਸਫੇ ਦੇ ਦਸਤਾਵੇਜ਼ ਦਾ ਸੱਚ ਸਰਲੇਖ, **'ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ'** ਹੈ।

ਹਾਂ ਜੀ ਗੁਰੂ ਕਰਤੇ ਦੇ ਸੱਚ ਨੇ ਹੁਣ ਆਪਣੇ ਪਵਿਤ੍ਰ ਨਿਰਮਲ ਸਰੋਵਰ ਵਿਚ ਡਿਗੀ, ਦੋ ਦਰਮੂਹੀਂ ਸੰਤ ਵੈਰਨ ਦਿੱਲੀ ਤਖਤ ਦੀ ਸਿਖ ਸਰੂਪ ਵਿਚ ਬਿਪਰਨ ਔਲਾਦ ਭਾਜਪਾ ਅਤੇ ਕਾਂਗਰਸ ਦੀ ਹਰ ਫਫੇ ਕੁਟਣੀ ਬਿੱਲੀ, ਬਿਲੇ ਦੀ ਸੜਾਂਦ ਮਾਰਦੀ ਲਾਸ਼ ਨੂੰ ਸ੍ਰੀ ਹਰਿਮੰਦਰ ਸਾਚਿਹਬ ਜੀ ਦੀ ਪਵਿਤ੍ਰ ਹਦੂਦ ਵਿਚੋਂ ਬਾਹਰ ਕੱਢਣਾਂ ਹੀ ਕੱਢਣਾਂ ਹੈ ਅਤੇ ਸਿਖ ਸਰੂਪ ਵਿਚ ਬਿਪਰਨ ਦੀ

ਜੁਰਾਇਮ ਪੇਸ਼ਾ ਔਲਾਦ ਅਤੇ ਇਸ ਦੀਆਂ ਦੋਹਾਂ ਟੁਟ ਡਿਗਕੇ, ਮੁੜ ਪੂਰਨ ਕਾਲਕਾ ਰੂਪ ਹੋਈਆਂ ਅਕਿਤ੍ਰਘਣੀ ਬਾਹਾਂ ਦਾ ਨਾਮ ਆਪਣੇ ਅਤੇ ਆਪਣੇ ਗੁਰੂ ਦੇ ਪਵਿਤ੍ਰ ਪੂਰਣ ਇਨਸਾਨ ਕ੍ਰਿਦਾਰ, ਨਿਰਮਲ ਖਾਲਸਾ ਪੰਥ ਨਾਲ ਮੁੜ ਕਦੇ ਜੁੜਨ ਨਹੀਂ ਦੇਣਾਂ ਹੈ।

ਆਪਜੀ ਨੂੰ ਇਹ ਆਖਰੀ ਵਾਰ ਵੀਰ ਲਿਖ ਸੰਬੋਧਨ ਹੋਇਆ ਗਿਆ ਹੈ। ਭਵਿਖ ਵਿਚ ਆਪਣੇ ਪੂਰਨ ਗੁਰੂ ਦੇ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਕਰਕੇ ਸੰਸਾਰ ਉਤੇ ਵਿਚਰਨ ਵਾਲੇ ਗੁਰੂ ਦੇ ਸਿਖ ਹੋਕੇ ਆਵੋਗੇ ਤਾਂ ਹੀ ਤੁਸਾਂ ਵਿਦਾਵੇ ਲਿਖ ਗਿਆਂ ਨੂੰ ਆਪਣੇ ਵੀਰ, ਗੁਰਸਿਖ ਭਾਈ ਕਬੂਲਿਆ ਜਾ ਸਕੇਗਾ ਅਤੇ ਵਿਚਾਰ ਲਈ ਰਾਬਤਾ ਬਣ ਸਕੇਗਾ।

ਇਕੋ ਇਕ ਸਤਿਗੁਰੂ ਨਾਨਕ ਦੇ ਦਰ ਦਾ
ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ
ਵਲੋਂ ਅਤੇ ਹੁਕਮ ਉਤੇ:
ਗੁਰਸਿਖ ਕਾਫਲਾ
(**GR. Singh**, 24.03.2010)